# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times | 06 ਜਨਵਰੀ 2024 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮੁੱਖ ਮੰਤਰੀ ਨੇ ਜਵਾਹਰ ਲਾਲ ਨਹਿਰੂ ਫਾਰਮਾਸਿਟੀ ਦਾ ਦੌਰਾ ਕੀਤਾ

### ਫਾਰਮਾਸਿਊਟੀਕਲ ਕੰਪਨੀਆਂ ਨੂੰ ਸੂਬੇ ਵਿੱਚ ਵੱਡੇ ਨਿਵੇਸ਼ ਕਰਨ ਦਾ ਸੱਦਾ ਦਿੱਤਾ

ਵਰਲਡ ਪੰਜਾਬੀ ਟਾਈਮਜ਼

ਵਿਸ਼ਾਖਾਪਟਨਮ, 6 ਜਨਵਰੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਸੂਬੇ ਵਿੱਚ ਵੱਡੇ ਨਿਵੇਸ਼ ਕਰਨ ਵਾਲੀਆਂ ਫਾਰਮਾਸਿਊਟੀਕਲ ਕੰਪਨੀਆਂ ਦਾ ਰੈੱਡ ਕਾਰਪੇਟ ‘ਤੇ ਸਵਾਗਤ ਕੀਤਾ। ਅੱਜ ਇੱਥੇ ਜਵਾਹਰ ਲਾਲ ਨਹਿਰੂ ਫਾਰਮਾ ਸਿਟੀ ਦਾ ਦੌਰਾ ਕਰਨ ਆਏ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਫਾਰਮਾਸਿਊਟੀਕਲ ਸੈਕਟਰ ਦੀ ਵੱਡੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਕੰਪਨੀਆਂ ਨੂੰ ਇੱਕ ਪਾਸੇ ਸੂਬੇ ਦੇ ਆਰਥਿਕ ਵਿਕਾਸ ਨੂੰ ਅੱਗੇ ਵਧਾਉਣ ਅਤੇ ਦੂਜੇ ਪਾਸੇ ਆਪਣੇ ਕਾਰੋਬਾਰ ਦਾ ਵਿਸਥਾਰ ਕਰਨ ਲਈ ਸੂਬੇ ਵਿੱਚ ਵੱਡਾ ਨਿਵੇਸ਼ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਸੂਬੇ ਨੂੰ ਫਾਰਮਾਸਿਊਟੀਕਲ ਖੇਤਰ ਵਿੱਚ ਮੋਹਰੀ ਬਣ ਕੇ ਉਭਰਨ ਵਿੱਚ ਮਦਦ ਮਿਲੇਗੀ।



ਮੁੱਖ ਮੰਤਰੀ ਨੇ ਫਾਰਮਾ ਸਿਟੀ ਦੇ ਅਧਿਕਾਰੀਆਂ ਨਾਲ ਵੀ ਸੂਬੇ ਵਿੱਚ ਇਹੀ ਉੱਦਮ ਸਥਾਪਤ ਕਰਨ ਲਈ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਫਾਰਮਾਸਿਊਟੀਕਲ ਸਿਟੀ ਸੂਬੇ ਲਈ ਵਰਦਾਨ ਸਾਬਤ ਹੋ ਸਕਦੇ ਹਨ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕਰ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਇਸ ਸ਼ਹਿਰ ਨੂੰ ਸਥਾਪਤ ਕਰਨ ਦੀ ਸੰਭਾਵਨਾ ਤਲਾਸ਼ਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

## ਹਸਪਤਾਲ ਚੌਂਕੀ ਬਠਿੰਡਾ ਦੀ ਪੁਲਿਸ ਕਰੇ ਡਿਊਟੀ ਪੂਰੀ, ਮੁੱਦਈ ਦਾ ਤਾਂ ਫੋਨ ਨਾ ਚੁੱਕੇ ਕਰੇ ਦੋਸ਼ੀਆਂ ਦੀ ਜੀ ਹਜ਼ੂਰੀ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 6 ਜਨਵਰੀ : ਪੰਜਾਬ ਪੁਲਿਸ ਆਪ ਜੀ ਦੀ ਸੇਵਾ ਲਈ ਹਮੇਸ਼ਾਂ ਤਤਪਰ ਦਾ ਨਾਅਰਾ ਲਗਾਉਣ ਵਾਲੀ ਪੰਜਾਬ ਪੁਲਸ ਦੀਆਂ ਕਾਰਗੁਜ਼ਾਰੀਆਂ ਤਾਂ ਅਕਸਰ ਅਖ਼ਬਾਰਾਂ ਦੀ ਸੁਰਖੀ ਬਣਦੀਆਂ ਹੀ ਰਹਿੰਦੀਆਂ ਨੇ। ਕੁੱਝ ਕੁ ਮੁਲਾਜ਼ਮਾਂ ਨੂੰ ਛੱਡ ਜਿਆਦਾਤਰ ਮੁਲਾਜ਼ਮ ਕਿਸ ਤਰ੍ਹਾਂ ਕੰਮ ਕਰਦੇ ਹਨ ਇਹ ਵੀ ਕੋਈ ਲੁਕੀ ਛਿਪੀ ਗੱਲ ਨਹੀਂ। ਪਰ ਬਠਿੰਡਾ ਵਿਖੇ ਨਵੇਂ ਆਏ ਸਾਹਬ ਦੇ ਰੋਹਬ ਦਾਬ ਦੀਆਂ ਕਹਾਣੀਆਂ ਵੀ ਪਿਛਲੇ ਕੁਝ ਦਿਨਾਂ ਤੋਂ ਸ਼ਹਿਰ ਵਾਸੀਆਂ ਦੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ ਕਿ ਕਿਸ ਤਰ੍ਹਾਂ ਉਹਨਾਂ ਨੇ ਆਉਂਦੇ ਹੀ ਲਾਅ ਐਂਡ ਆਰਡਰ ਨੂੰ ਦਰੁਸਤ ਕਰਨ ਲਈ ਅਤੇ ਪੁਲਿਸ ਕੋਲ ਆਉਣ ਵਾਲੇ ਹਰੇਕ ਫਰਿਆਦੀ ਨੂੰ ਇੰਨਸਾਫ ਦੇਣ ਲਈ ਮਹਿਕਮੇ ਅੰਦਰ ਹਰ ਇੱਕ ਪੁਲਿਸ ਮੁਲਾਜ਼ਮ ਅਤੇ ਅਧਿਕਾਰੀ ਨੂੰ ਆਪਣੀ ਬਣਦੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਕਰਨ ਦੇ ਸਖ਼ਤ ਹੁਕਮ ਦਿੱਤੇ ਸਨ।ਪਰ ਲਗਦਾ ਹੈ ਕਿ ਨਵੇਂ ਸਾਹਬ ਦੇ ਹੁਕਮ ਕੁੱਝ ਸਮੇਂ ਤੱਕ ਹੀ ਕੁੱਝ ਅਧਿਕਾਰੀਆਂ ਤੇ ਅਸਰਦਾਇਕ ਰਹੇ ਹਨ ਅਤੇ ਹੌਲੀ ਹੌਲੀ ਕੁੱਝ ਮੁਲਾਜ਼ਮ ਇਹਨਾ ਹੁਕਮਾਂ ਨੂੰ ਮੰਨਣ ਤੋਂ ਇਨਕਾਰੀ ਦਿਖਾਈ ਦਿੰਦੇ ਹਨ। ਇਸਦੀ ਮਿਸਾਲ ਉਦੋਂ ਦੇਖਣ ਨੂੰ ਮਿਲੀ ਜਦੋਂ ਬੀਤੇ ਕਰੀਬ 25 ਦਿਨ ਪਹਿਲਾਂ ਸਾਡੇ ਇਸ ਪੱਤਰਕਾਰ ਵੱਲੋਂ ਹਸਪਤਾਲ ਚੌਂਕੀ ਵਿਖੇ ਇੱਕ ਇਲੈਕਟਰੀਸ਼ਨ ਖਿਲਾਫ਼ ਦਿੱਤੀ ਦਰਖਾਸਤ ਤੇ ਕਾਰਵਾਈ ਕਰਨਾ ਤਾਂ ਦੂਰ ਬਲਕਿ ਇਥੋਂ ਦੇ ਮੁਲਾਜ਼ਮ ਮੁੱਦਈ ਦਾ ਫੋਨ ਚੁੱਕਣਾ ਵੀ ਜਰੂਰੀ ਨਹੀਂ ਸਮਝਦੇ।




ਦੱਸਣਾ ਬਣਦਾ ਹੈ ਕਿ ਕਰੀਬ 3 ਮਹੀਨੇ ਪਹਿਲਾਂ ਉਕਤ ਪੱਤਰਕਾਰ ਦੇ ਹਾਜ਼ੀ ਰਤਨ ਸਥਿਤ ਘਰ ਤੋਂ ਇੱਕ ਦਰਸ਼ਨ ਸਿੰਘ ਨਾਮਕ ਇਲੈਕਟ੍ਰਿਸ਼ਨ ਬਿਜਲੀ ਦਾ ਸਮਾਨ ਰਿਪੇਅਰ ਕਰਨ ਲਈ ਲੈ ਗਿਆ ਅਤੇ ਨਿਰਧਾਰਿਤ ਕੀਤੀ ਲੇਬਰ ਵੀ ਲੈ ਗਿਆ। ਪਰ ਹੁਣ ਉਕਤ ਨਾ ਤਾਂ ਸਮਾਨ ਵਾਪਸ ਕਰ ਰਿਹਾ ਸੀ ਅਤੇ ਨਾ ਹੀ ਪਿਛਲੇ ਕਈ ਦਿਨਾਂ ਤੋਂ ਫੋਨ ਹੀ ਚੁੱਕ ਰਿਹਾ ਸੀ। ਜਿਸਤੋਂ ਖ਼ਦਸ਼ਾ ਲੱਗ ਰਿਹਾ ਹੈ ਕਿ ਉਕਤ ਨੇ ਜਾਂ ਤਾਂ ਸਮਾਨ ਕਿਤੇ ਖੁਰਦ ਬੁਰਦ ਕਰ ਦਿੱਤਾ ਹੈ ਜਾਂ ਉਹ ਵਾਪਿਸ ਕਰਨਾ ਨਹੀ ਚਾਹੁੰਦਾ। ਇਸ ਬਾਬਤ ਹਸਪਤਾਲ ਚੌਂਕੀ ਦੇ ਮੁਨਸ਼ੀ ਨੂੰ ਲਿਖਤ ਸ਼ਿਕਾਇਤ ਦਿੱਤੇ ਵੀ ਕਰੀਬ 25 ਦਿਨ ਬੀਤ ਚੁੱਕੇ ਹਨ। ਵਾਰ ਵਾਰ ਯਾਦ ਕਰਵਾਉਣ ਤੇ ਉਕਤ ਮੁਲਾਜ਼ਮ ਨੇ ਸਬੰਧਤ ਵਿਅਕਤੀ ਦਰਸ਼ਨ ਸਿੰਘ ਨੂੰ ਫੋਨ ਕਰਕੇ ਕਿਹਾ ਕਿ ਸ੍ਰੀਮਾਨ ਦਰਸ਼ਨ ਸਿੰਘ ਜੀ ਤੁਹਾਡੇ ਖਿਲਾਫ਼ ਇੱਕ ਦਰਖਾਸਤ ਆਈ ਹੈ ਕਿਰਪਾ ਕਰਕੇ ਆਕੇ ਇਹਨਾ ਦਾ ਸਮਾਨ ਵਾਪਿਸ ਕਰੋ। ਹੁਣ ਇਸਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਕਤ ਨੇ ਜਾਂ ਤਾਂ ਕੋਈ ਵੱਡੀ ਸਿਫਾਰਿਸ਼ ਕਰਵਾ ਦਿੱਤੀ ਹੈ ਜਾਂ ਕੋਈ ਵੀ ਹੋਰ ਕਾਰਨ ਹੋ ਸਕਦਾ ਹੈ। ਪਰ ਉਕਤ ਵੱਲੋਂ ਪੁਲਿਸ ਦੇ ਕੀਤੇ ਫੋਨ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਜਾ ਰਹੀ। ਹੁਣ ਮੁੱਦਈ ਦੇ ਵਾਰ ਵਾਰ ਫੋਨ ਕਰਨ ਤੇ ਚੌਂਕੀ ਦੇ ਮੁਨਸ਼ੀ ਜੀ ਵੀ ਫੋਨ ਚੁੱਕਣਾ ਜ਼ਰੂਰੀ ਨਹੀਂ ਸਮਝਦੇ। ਇਸ ਬਾਰੇ ਜਦੋਂ ਚੌਂਕੀ ਇੰਚਾਰਜ ਨਾਲ ਉਹਨਾਂ ਦੇ ਸਰਕਾਰੀ ਨੰਬਰ ਤੇ ਸੰਪਰਕ ਕੀਤਾ ਗਿਆ ਤਾਂ ਉਹਨਾਂ ਦਾ ਰਵਈਆ ਵੀ ਪੂਰੀ ਤਰਾਂ ਗੈਰ ਜ਼ਿੰਮੇਵਾਰ ਲੱਗਿਆ। ਇਸ ਬਾਰੇ ਜਦੋਂ ਥਾਣਾ ਕੋਤਵਾਲੀ ਦੇ ਥਾਣਾ ਮੁਖੀ ਨੂੰ ਫੋਨ ਕੀਤਾ ਗਿਆ ਤਾਂ ਉਹਨਾਂ ਕੁੱਝ ਸਮੇਂ ਬਾਅਦ ਖੁਦ ਫੋਨ ਕਰਨ ਦਾ ਕਹਿ ਕੇ ਦੁਬਾਰਾ ਫੋਨ ਕਰਨਾ ਜਰੂਰੀ ਨਹੀਂ ਸਮਝਿਆ। ਹੁਣ ਇਸ ਸਾਰੇ ਵਰਤਾਰੇ ਤੋਂ ਇਹ ਤਾਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਹੜੀ ਪੁਲਿਸ ਮੀਡੀਆ ਦੀ ਗੱਲ ਨਹੀਂ ਸੁਣਦੀ ਉਹ ਆਮ ਪਬਲਿਕ ਨੂੰ ਕਿੰਨਾ ਕੁ ਇਨਸਾਫ ਦਿੰਦੀ ਹੋਵੇਗੀ।

## ਦਸਮੇਸ਼ ਪਬਲਿਕ ਸਕੂਲ ਫਰੀਦਕੋਟ ਦੇ ਬੈਡਮਿੰਟਨ ਖਿਡਾਰੀ ਛਾਏ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 6 ਜਨਵਰੀ : ਹਰ ਖੇਤਰ ਵਿੱਚ ਮੋਹਰੀ ਰਹਿਣ ਵਾਲੀ ਸੰਸਥਾ ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ ਦੇ ਨੰਨ੍ਹੇ-ਮੁੰਨ੍ਹੇ ਖਿਡਾਰੀਆਂ ਨੇ ਇਸ ਸਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਅਪੂਰਵ ਦੇਵਗਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੇ ਪ੍ਰਾਇਮਰੀ ਵਿਭਾਗ ਦੇ ਨੰਨ੍ਹੇ-ਮੁੰਨ੍ਹੇ ਖਿਡਾਰੀਆਂ ਨੇ ਵੀ ਬੈਡਮਿੰਟਨ ਖੇਡ ਮੁਕਾਬਲਿਆਂ ’ਚ ਭਾਗ ਲੈ ਕੇ ਪਹਿਲਾਂ ਸੈਂਟਰ ਪੱਧਰੀ ਖੇਡਾਂ ’ਚ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨ ਤਮਗੇ ਜਿੱਤੇ, ਫਿਰ ਬਲਾਕ ਪੱਧਰੀ ਖੇਡਾਂ ’ਚ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨ ਤਮਗੇ ਜਿੱਤੇ ਅਤੇ ਫਿਰ



ਜ਼ਿਲ੍ਹਾ ਪੱਧਰੀ ਖੇਡਾਂ ’ਚ ਵੀ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨ ਤਮਗੇ ਜਿੱਤੇ। ਸਕੂਲ ਪਹੁੰਚਣ ’ਤੇ ਡਾਇਰੈਕਟਰ ਜਨਰਲ ਜਸਬੀਰ ਸਿੰਘ ਸੰਧੂ ਅਤੇ ਪ੍ਰਬੰਧਕੀ ਕਮੇਟੀ ਦੇ ਵਿੱਤ ਸਕੱਤਰ ਸਵਰਨਜੀਤ ਸਿੰਘ ਗਿੱਲ ਨੇ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਸਕੂਲ ਦੇ ਬੱਚਿਆਂ ਅਤੇ ਉਹਨਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੰਦਿਆਂ ਇਸੇ ਤਰ੍ਹਾਂ ਹੋਰ ਮਿਹਨਤ ਕਰਨ ਲਈ ਪ੍ਰੇਰਨਾ ਦਿੱਤੀ। ਇਸ ਮੌਕੇ ਸਪੋਰਟਸ ਕੋਆਰਡੀਨੇਟਰ ਮਨਦੀਪ ਸਿੰਘ ਬਰਾੜ, ਅਭਿਸੇਕ ਕੁਮਾਰ, ਭੋਲਾ ਸਿੰਘ ਅਤੇ ਸਰਬਜੀਤ ਕੌਰ ਆਦਿ ਵੀ ਹਾਜਰ ਸਨ।

## ਨਹਿਰੂ ਯੁਵਾ ਕੇਂਦਰ ਵੱਲੋਂ ਜ਼ਿਲ੍ਹਾ ਪੱਧਰੀ ਭਾਸ਼ਣ ਮੁਕਾਬਲੇ ਕਰਵਾਏ ਗਏ।

ਵਰਲਡ ਪੰਜਾਬੀ ਟਾਈਮਜ਼

ਸੰਗਰੂਰ 6 ਜਨਵਰੀ: ਅੱਜ ਮਿਤੀ 05/01/2023 ਨੂੰ ਨਹਿਰੂ ਯੁਵਾ ਕੇਂਦਰ ਸੰਗਰੂਰ ਵਿਖੇ ਮੇਰਾ ਭਾਰਤ ਵਿਕਾਸ ਭਾਰਤ 2047 ਤਹਿਤ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸੰਗਰੂਰ ਜ਼ਿਲ੍ਹੇ ਦੇ 15 ਤੋਂ 29 ਸਾਲ ਦੇ ਨੌਜਵਾਨਾਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿੱਚ ਡਾ: ਮੋਹਨ ਸ਼ਰਮਾ ਸੀਨੀਅਰ ਸਮਾਜ ਸੇਵੀ, ਡਾ: ਗਗਨਦੀਪ ਸਿੰਘ ਸਹਾਇਕ ਪ੍ਰੋਫੈਸਰ ਐਸ.ਯੂ.ਐਸ ਕਾਲਜ ਸੁਨਾਮ, ਡਾ: ਕਿਰਨ ਬਾਲਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧੂਰੀ, ਮੈਡਮ ਜਯੋਤਸਨਾ ਅਤੇ ਸੰਦੀਪ ਕੁਮਾਰ ਸਰਕਾਰੀ ਮਹਿਲਾ ਆਈ.ਟੀ.ਆਈ. ਪ੍ਰੋਗਰਾਮ ਵਿੱਚ ਹਿੱਸਾ ਲਿਆ।ਇਸ ਮੁਕਾਬਲੇ ਵਿਚ ਸਲੋਨੀ ਰਾਣੀ ਨੇ ਪਹਿਲਾਂ,ਸਨੇਹਾ ਨੇ ਦੂਸਰਾ ਅਤੇ ਸਨਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪ੍ਰੋਗਰਾਮ ਦਾ ਉਦੇਸ਼ ਨੌਜਵਾਨਾਂ ਨੂੰ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਸੀ ਤਾਂ ਜੋ ਉਹ ਰਾਸ਼ਟਰ ਨਿਰਮਾਣ ਵਿੱਚ ਹਿੱਸਾ ਲੈ ਸਕਣ ਅਤੇ 2047 ਤੱਕ ਭਾਰਤ ਨੂੰ ਇੱਕ ਵਿਕਸਤ ਭਾਰਤ ਬਣਾਉਣ ਵਿੱਚ ਹਿੱਸਾ ਲੈ ਸਕਣ। ਇਸ ਪ੍ਰੋਗਰਾਮ ਵਿੱਚ 80 ਨੌਜਵਾਨ ਹਾਜ਼ਰ ਸਨ।




## ਚੇਅਰਮੈਨ ਢਿੱਲਵਾਂ ਨੇ ਪਿੰਡ ਹਰੀ ਨੌ, ਟਹਿਣਾ ਤੇ ਢਿੱਲਵਾਂ ਕਲਾਂ ਦੇ ਨੌਜਵਾਨਾਂ ਨੂੰ ਵਾਲੀਵਾਲ ਦੀਆਂ ਕਿੱਟਾਂ ਵੰਡੀਆਂ

### ਖਿਡਾਰੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਕੀਤਾ ਪ੍ਰੇਰਿਤ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫ਼ਰੀਦਕੋਟ 06 ਜਨਵਰੀ : ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਪਹਿਲੇ ਦਿਨੋਂ ਹੀ ਏਜੰਡਾ ਰਿਹਾ ਹੈ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਰੋਜ਼ਗਾਰ ਤੇ ਖੇਡਾਂ ਨਾਲ ਜੋੜਨਾ ਹੈ,ਇਹਨਾਂ ਗੱਲਾਂ ਦਾ ਪ੍ਰਗਟਾਵਾ ਚੇਅਰਮੈਨ ਪਲਾਨਿੰਗ ਬੋਰਡ ਸ. ਸੁਖਜੀਤ ਸਿੰਘ ਢਿੱਲਵਾਂ ਨੇ ਪਿੰਡ ਹਰੀ ਨੌਂ, ਟਹਿਣਾ ਤੇ ਢਿੱਲਵਾਂ ਕਲਾਂ ਦੇ ਨੌਜਵਾਨਾਂ ਨੂੰ ਵਾਲੀਵਾਲ ਦੀਆਂ ਕਿੱਟਾਂ ਵੰਡਣ ਮੌਕੇ ਕੀਤਾ।



ਸ. ਢਿੱਲਵਾਂ ਨੇ ਕਿਹਾ ਕਿ ਖੇਡਾਂ ਜਿੱਥੇ ਸਾਨੂੰ ਤੰਦਰੁਸਤ ਰੱਖਦੀਆਂ ਹਨ, ਉਥੇ ਹੀ ਸਾਨੂੰ ਅੱਗੇ ਵਧਣ ਦੀ ਵੀ ਪ੍ਰੇਰਣਾ ਦਿੰਦੀਆਂ ਹਨ। ਉਨ੍ਹਾਂ ਨੇ ਖਿਡਾਰੀਆਂ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਨਾਲ ਸਾਡੇ ਸਰੀਰਿਕ ਅਤੇ ਮਾਨਸਿਕ ਦੋਵਾਂ ਪੱਖੋ ਵਿਕਾਸ ਹੁੰਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣਾ ਚਾਹੀਦਾ ਹੈ ਅਤੇ ਆਪਣਾ ਧਿਆਨ ਖੇਡਾਂ ਵੱਲ ਲਗਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਜਾਂ ਖਿੱਤੇ ਦੀ ਤਰੱਕੀ ਲਈ ਉਥੋਂ ਦੀ ਜਵਾਨੀ ਦਾ ਇੱਕ ਅਹਿਮ ਰੋਲ ਹੁੰਦਾ ਹੈ ਸਾਡੇ ਪੰਜਾਬ ਦੇ ਲਈ ਇਹ ਬੜੀ ਮਾਨ ਵਾਲੀ ਗੱਲ ਹੈ ਕਿ ਸਾਡੇ ਕੋਲ 20 ਤੋਂ 50 ਸਾਲ ਦੇ ਲੋਕਾਂ ਦੀ ਆਬਾਦੀ ਦਾ ਇੱਕ ਚੰਗਾ ਅਨੁਪਾਤ ਹੈ।

ਇਸ ਮੌਕੇ ਸੁਖਵੰਤ ਸਿੰਘ ਪੱਕਾ , ਜਸਵੀਰ ਜੱਸਾ, ਗੁਰਜਿੰਦਰ ਸਿੰਘ, ਜਗਦੇਵ ਸਿੰਘ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਐੱਸ.ਬੀ.ਆਰ.ਐੱਸ. ਗੁਰੂਕੁਲ ਵਿੱਚ ‘ਗੁਰੂਕੁਲ ਸਟਾਰ ਐਵਾਰਡ’ ਪ੍ਰੋਗਰਾਮ ਦਾ ਆਯੋਜਨ

### ਟੀਚਿੰਗ ਸਟਾਫ ’ਚੋਂ ਮਿਸ ਅਮਨਦੀਪ ਕੌਰ ਅਤੇ ਨਾਨ ਟੀਚਿੰਗ ’ਚੋਂ ਮਿਸ ਗੀਨੂੰ ਨੂੰ ਮਿਲਿਆ ਐਵਾਰਡ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 6 ਜਨਵਰੀ : ਐੱਸ.ਬੀ.ਆਰ.ਐੱਸ. ਗੁਰੂਕੁਲ (ਮਹਿਣਾ) ਦੇ ਡਾਇਰੈਕਰ/ਪ੍ਰਿੰਸੀਪਲ ਧਵਨ ਕੁਮਾਰ ਦੇ ਮਾਰਗ ਦਰਸ਼ਨ ਹੇਠ ਚੱਲ ਰਹੀ ਅਜਿਹੀ ਸਿੱਖਿਆ ਸੰਸਥਾ ਹੈ, ਜਿੱਥੇ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਨੂੰ ਵੀ ਉਤਸ਼ਾਹਿਤ ਕਰਨ ਲਈ ਵਿਭਿੰਨ ਪ੍ਰਕਾਰ ਦੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਸੇ ਲਈ ਨਵੇਂ ਸਾਲ ਮੌਕੇ ‘ਗੁਰੂਕੁਲ ਸਟਾਰ ਐਵਾਰਡ’ ਦੀ ਸ਼ੁਰੂਆਤ ਕੀਤੀ ਗਈ ਹੈ, ਜੋ ਹਰ ਤਿੰਨ ਮਹੀਨੇ ਬਾਅਦ ਦਿੱਤਾ ਜਾਵੇਗਾ, ਜਿਸ ’ਚ ਇਸ ਵਾਰ ਟੀਚਿੰਗ ਸਟਾਫ਼ ’ਚੋਂ ਮਿਸ ਅਮਨਦੀਪ ਕੌਰ ਤੇ ਨਾਨ-ਟੀਚਿੰਗ ’ਚੋਂ ਮਿਸ ਗੀਨੂੰ ਨੇ ‘ਗੁਰੂਕੁਲ ਸਟਾਰ ਐਵਾਰਡ’ ਪ੍ਰਾਪਤ ਕੀਤਾ। ਡਾਇਰੈਕਟਰ/ਪ੍ਰਿੰਸੀਪਲ ਧਵਨ ਕੁਮਾਰ ਵਲੋਂ ਉਹਨਾਂ ਨੂੰ ਤੋਹਫ਼ਾ, ਮੂਵੀ ਟਿਕਟ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰਾਂ ਹਰ ਮਹੀਨੇ ‘ਇੰਪਲੋਏ ਆਫ਼ ਦਾ ਮੰਥ’ ਤੇ ਮੋਸਟ ਐਕਟਿਵ ਇੰਪਲੋਏ’ ਦਾ ਖਿਤਾਬ ਦੇਣ ਦੀ ਸ਼ੁਰੂਆਤ ਵੀ ਕੀਤੀ ਗਈ ਹੈ। ਇਸ ਖਿਤਾਬ ਤੇ ਐਵਾਰਡ ਲਈ ਕੁਝ ਪੈਰਾਮੀਟਰ ਵੀ ਰੱਖੇ ਗਏ ਹਨ, ਜੋ ਇਨਾਂ ਨੂੰ ਪੂਰਾ ਕਰਨਗੇ, ਉਹ ਇਸ ਖਿਤਾਬ ਤੇ ਐਵਾਰਡ ਨੂੰ ਆਪਣੇ ਨਾਮ ਕਰਨਗੇ। ਇਸ ਮਹੀਨੇ ਦੀ ਇੰਪਲੋਏ ਆਫ ਦਾ ਮੰਥ ਦਾ ਖਿਤਾਬ ਜੂਨੀਅਰ ਸਟਾਫ ’ਚੋਂ ਮਿਸ ਵੰਦਨਾ ਤੇ ਸੀਨੀਅਰ ਸਟਾਫ ’ਚੋਂ ਮਿਸ ਅਮਨਦੀਪ ਨੂੰ ਮਿਲਿਆ। ਮੋਸਟ ਐਕਟਿਵ ਇੰਪਲੋਏ ਦਾ ਖਿਤਾਬ ਜੂਨੀਅਰ ’ਚੋਂ ਮਿਸ ਹਰਜਿੰਦਰ ਅਤੇ ਸੀਨੀਅਰ ’ਚੋਂ ਮਿਸ ਜਗਮੀਤ ਨੂੰ ਮਿਲਿਆ। ਡਾਇਰੈਕਟਰ/ਪ੍ਰਿੰਸੀਪਲ ਧਵਨ ਕੁਮਾਰ ਨੇ ਸਾਰਿਆਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਪ੍ਰੋਗਰਾਮ ਦਾ ਉਦੇਸ਼ ਮਨੋਰੰਜਨ ਦੇ ਨਾਲ-ਨਾਲ ਅਧਿਆਪਕਾਂ ਨੂੰ ਹੋਰ ਕੁਸ਼ਲਤਾ ਨਾਲ ਕੰਮ ਕਰਨ ਦੀ ਪ੍ਰੇਰਨਾ ਦੇਣਾ ਵੀ ਹੈ।




## ਰਾਣਾ ਕੇਪੀ ਸਿੰਘ ਵੱਖ-ਵੱਖ ਰਾਜਾਂ ਲਈ ਕਾਂਗਰਸ ਦੀ ਸਕਰੀਨਿੰਗ ਕਮੇਟੀ ਦੇ ਚੇਅਰਮੈਨ ਨਿਯੁਕਤ

ਵਰਲਡ ਪੰਜਾਬੀ ਟਾਈਮਜ਼

ਰੂਪਨਗਰ, 6 ਜਨਵਰੀ : ਚੋਣ ਸਾਲ ਦੀ ਸ਼ੁਰੂਆਤ ਦੇ ਨਾਲ, ਕਾਂਗਰਸ ਨੇ ਸ਼ੁੱਕਰਵਾਰ ਨੂੰ 2024 ਦੀਆਂ ਚੋਣਾਂ ਲਈ ਪਾਰਟੀ ਦੀਆਂ ਤਿਆਰੀਆਂ ਦੀ ਨਿਗਰਾਨੀ ਕਰਨ ਲਈ ਪੰਜ ਸਕ੍ਰੀਨਿੰਗ ਕਮੇਟੀਆਂ ਦਾ ਐਲਾਨ ਕੀਤਾ।

ਰਾਜਾਂ ਨੂੰ ਪੰਜ ਕਲੱਸਟਰਾਂ ਵਿੱਚ ਵੰਡਿਆ ਗਿਆ ਹੈ ਅਤੇ ਹਰੇਕ ਕਲੱਸਟਰ ਲਈ ਸਕ੍ਰੀਨਿੰਗ ਕਮੇਟੀ ਵਿੱਚ ਇੱਕ ਸੀਨੀਅਰ ਕਾਂਗਰਸੀ ਆਗੂ ਚੇਅਰਮੈਨ ਅਤੇ ਦੋ ਹੋਰ ਮੈਂਬਰ ਹੋਣਗੇ। ਇਸ ਵਿੱਚ ਸੂਬਾ ਪ੍ਰਧਾਨ ਅਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਵੀ ਮੈਂਬਰ ਹੋਣਗੇ।



ਪੰਜਾਬ ਤੋਂ ਕਾਂਗਰਸ ਹਾਈਕਮਾਂਡ ਨੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਅਤੇ ਸੀਨੀਅਰ ਕਾਂਗਰਸੀ ਆਗੂ ਰਾਣਾ ਕੇਪੀ ਸਿੰਘ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਵੱਖ-ਵੱਖ ਰਾਜਾਂ ਲਈ ਕਾਂਗਰਸ ਦੀ ਸਕਰੀਨਿੰਗ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਰਾਣਾ ਕੇਪੀ ਸਿੰਘ ਕਲੱਸਟਰ-5 ਸਕਰੀਨਿੰਗ ਕਮੇਟੀ ਦੇ ਚੇਅਰਮੈਨ ਹੋਣਗੇ ਜਿਸ ਵਿੱਚ ਬਿਹਾਰ, ਪੱਛਮੀ ਬੰਗਾਲ, ਅਸਾਮ, ਝਾਰਖੰਡ, ਅਰੁਣਾਚਲ ਪ੍ਰਦੇਸ਼, ਮਨੀਪੁਰ, ਮਿਜ਼ੋਰਮ ਆਦਿ ਰਾਜ ਸ਼ਾਮਲ ਹਨ। ਮੇਘਾਲਿਆ, ਨਾਗਾਲੈਂਡ, ਤ੍ਰਿਪੁਰਾ ਅਤੇ ਸਿੱਕਮ।

ਪੰਜਾਬ ਕਾਂਗਰਸ ਦੇ ਇੱਕ ਹੋਰ ਆਗੂ ਅਤੇ ਓਲੰਪੀਅਨ ਪਰਗਟ ਸਿੰਘ ਨੂੰ ਵੀ ਇੱਕ ਹੋਰ ਕਲੱਸਟਰ ਦਾ ਮੈਂਬਰ ਬਣਾਇਆ ਗਿਆ ਹੈ। ਪਰਗਟ ਸਿੰਘ ਗੁਜਰਾਤ, ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਦਿੱਲੀ, ਦਮਨ ਅਤੇ ਦੀਵ, ਦਾਦਰਾ ਅਤੇ ਨਗਰ ਹਵੇਲੀ ਵਾਲੇ ਕਲੱਸਟਰ-3 ਸਕ੍ਰੀਨਿੰਗ ਕਮੇਟੀ ਦੇ ਮੈਂਬਰ ਹਨ।

ਜ਼ਿਕਰਯੋਗ ਹੈ ਕਿ ਤਿੰਨ ਵਾਰ ਵਿਧਾਇਕ ਰਹੇ ਰਾਣਾ ਕੇਪੀ ਸਿੰਘ ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਹਨ। ਉਹ ਵਿਧਾਇਕ ਵਜੋਂ ਨੰਗਲ ਅਤੇ ਆਨੰਦਪੁਰ ਸਾਹਿਬ ਵਿਧਾਨ ਸਭਾ ਹਲਕਿਆਂ ਦੀ ਨੁਮਾਇੰਦਗੀ ਕਰ ਚੁੱਕੇ ਹਨ ਅਤੇ ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਹੇ ਹਨ।

# ਗੁਰਬਾਣੀ ਵਿੱਚ ਲਿਖੇ ਪਾਪਾਂ ਤੋਂ ਬਚਣਾ ਚਾਹੀਦਾ ਹੈ – ਠਾਕੁਰ ਦਲੀਪ ਸਿੰਘ



ਵਰਲਡ ਪੰਜਾਬੀ ਟਾਈਮਜ਼ ਠਾਕੁਰ ਦਲੀਪ ਸਿੰਘ

"ਪਰਹਰਿ ਪਾਪੁ ਪਛਾਣੈ ਆਪ॥" (ਸਤਿਗੁਰੂ ਨਾਨਕ ਦੇਵ ਜੀ)

ਗੁਰੂ ਨਾਨਕ ਬਾਣੀ ਵਿੱਚ ਲਿਖੇ ਪਾਪ ਕਰਮਾਂ ਦੀ ਸੂਚੀ:-

ਸਤਿਗੁਰੂ ਨਾਨਕ ਦੇਵ ਜੀ ਤੋਂ ਸਿੱਖ ਪੰਥ ਆਰੰਭ ਹੁੰਦਾ ਹੈ। ਗੁਰੂ ਜੀ ਦੀ ਰਸਨਾਂ ਤੋਂ ਉਚਾਰੀ ਹੋਈ ਬਾਣੀ ਨੂੰ "ਗੁਰਬਾਣੀ" ਕਿਹਾ ਗਿਆ ਹੈ। ਗੁਰਬਾਣੀ ਸਿੱਖ ਪੰਥ ਦਾ ਸੰਵਿਧਾਨ ਹੈ। ਗੁਰਬਾਣੀ ਵਿੱਚ ਜਿਨ੍ਹਾਂ ਕੁਕਰਮਾਂ ਦੀ ਮਨਾਹੀ ਹੈ, ਉਹ ਕੁਕਰਮ "ਪਾਪ" ਹਨ। ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਰਸਨਾ ਤੋਂ ਉਚਾਰੀ ਬਾਣੀ ਵਿੱਚ ਜਿਨ੍ਹਾਂ ਪਾਪ ਕਰਮਾਂ ਦੀ ਮਨਾਹੀ ਕੀਤੀ ਹੈ, ਉਹ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹਨ। ਹਰ "ਗੁਰੂ ਨਾਨਕ ਨਾਮ ਲੇਵਾ ਸਿੱਖ" ਨੂੰ ਉਹਨਾਂ ਪਾਪ ਕਰਮਾਂ ਤੋਂ ਬਚਣ ਦੀ ਲੋੜ ਹੈ।

ਵੱਡੇ ਅਸਚਰਜ ਅਤੇ ਦੁੱਖ ਦੀ ਗੱਲ ਹੈ ਕਿ ਸਿੱਖ ਪ੍ਰਚਾਰਕਾਂ ਵੱਲੋਂ ਜੋ "ਪਾਪ" ਸਾਨੂੰ ਆਮ ਤੌਰ ਉੱਤੇ ਦੱਸੇ ਜਾਂਦੇ ਹਨ; ਉਹ "ਪਾਪ" ਤਾਂ ਆਦਿ ਜਾਂ ਦਸਮ ਬਾਣੀ ਵਿੱਚ ਕਿਤੇ ਵੀ ਨਹੀਂ ਲਿਖੇ ਹੋਏ ਅਤੇ, ਜੋ "ਪਾਪ" ਬਾਣੀ ਵਿੱਚ ਲਿਖੇ ਹੋਏ ਹਨ, ਉਹਨਾਂ ਪਾਪਾਂ ਬਾਰੇ ਸਾਡੇ ਪ੍ਰਚਾਰਕ ਸਾਨੂੰ ਦੱਸਦੇ ਹੀ ਨਹੀਂ। ਗੁਰਬਾਣੀ ਦੇ ਅਨੁਸਾਰ ਪਾਪਾਂ ਦੀ ਸੂਚੀ ਤਾਂ ਬਹੁਤ ਲੰਬੀ ਹੈ। ਉਹਨਾਂ ਵਿੱਚੋਂ ਕੁਛ ਪਾਪ ਇੱਥੇ ਲਿਖ ਰਿਹਾ ਹਾਂ:-

1. ਬਹੁਤਾ ਬੋਲਣਾ: ਬਹੁਤਾ ਬੋਲਣ ਝਖਣੁ ਹੋਇ॥ (ਧਨਾਸਰੀ ਮ. ੧)

2. ਫਿੱਕਾ ਬੋਲਣਾ: ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥ (ਆਸਾ ਮ. ੧)

3. ਕਿਸੇ ਦੀ ਬੁਰਾਈ ਕਰਨੀ: ਮੰਦਾ ਕਿਸੈ ਨ ਆਖੀਐ॥ (ਆਸਾ ਮ. ੧)

4. ਕਿਸੇ ਦੇ ਔਗੁਣ ਵੇਖਣੇ: ਹਮ ਨਹੀ ਚੰਗੇ ਬੁਰਾ ਨਹੀ ਕੋਇ॥ (ਸੂਹੀ ਮ. ੧)

5. ਹੰਕਾਰ ਕਰਨਾ: ਮਨ ਰੇ ਹਉਮੈ ਛੋਡਿ ਗੁਮਾਨ॥ (ਸਿਰੀਰਾਗੁ ਮ. ੧)

6. ਵਿਰੋਧ ਕਰਨਾ: ਗੁਰਮੁਖਿ ਵੈਰ ਵਿਰੋਧ ਗਵਾਵੈ॥ (ਰਾਮਕਲੀ ਮ. ੧)

7. ਆਲਸ ਕਰਨੀ: ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ ॥ (ਮਾਰੂ ਮ. ੧)

8. ਹਿੰਸਾ ਕਰਨੀ: ਹਿੰਸਾ ਮਮਤਾ ਮੋਹੁ ਚੁਕਾਵੈ॥ (ਮ. ੧)

9. ਝੂਠ ਬੋਲਣਾ: ਕੂੜੁ ਬੋਲਿ ਮੁਰਦਾਰੁ ਖਾਇ॥ (ਮ. ੧)

10. ਜੂਆ ਖੇਡਣਾ: ਜੂਏ ਜਨਮ ਨ ਹਾਰਹੁ ਅਪਣਾ॥ (ਮ. ੧)

11. ਚੋਰੀ ਕਰਨੀ : ਚੋਰ ਜਾਰ ਜੂਆਰ ਪੀੜੇ ਘਾਣੀਐ ॥ (ਮ. ੧)

12. ਪਰ-ਇਸਤਰੀ, ਪਰ-ਪੁਰਸ਼ ਸੰਗ ਕਰਨਾ : ਪਰੁ ਘਰੁ ਜੋਹੀ ਨੀਚ ਸਨਾਤਿ॥ (ਮ. ੧)

13. ਇਸਤਰੀਆਂ ਨੂੰ ਮਾੜਾ ਆਖਣਾ ਅਤੇ ਕੁੱਟਣਾ: ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥ (ਮ. ੧)

14. ਖਿਮਾ ਨਾ ਕਰਨੀ: ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥ (ਰਾਮਕਲੀ ਦਖਣੀ ਮ. ੧)

15. ਸੁੱਚ ਪਵਿੱਤਰਤਾ ਨਾ ਰੱਖਣਾ : ਸੁਚਿ ਹੋਵੈ ਤਾ ਸਚੁ ਪਾਈਐ ॥ (ਮ. ੧)

16. ਸੰਤੋਖ ਨਾ ਰੱਖਣਾ: ਸਤ ਸੰਤੋਖਿ ਰਹਹੁ ਜਨ ਭਾਈ॥ (ਮ. ੧)

17. ਸੰਜਮ ਨਾ ਰੱਖਣਾ : ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ॥ (ਮ. ੧)

18. ਦਇਆ ਨਾ ਕਰਨਾ : ਨਿਰਦਇਆ ਨਹੀ ਜੋਤਿ ਉਜਾਲਾ ॥ (ਮ. ੧)

19. ਦਾਨ ਨਾ ਕਰਨਾ : ਦੁਆਦਸੀ ਦਇਆ ਦਾਨੁ ਕਰਿ ਜਾਣੈ ॥ (ਮ. ੧)


20. ਇਸ਼ਨਾਨ ਨਾ ਕਰਨਾ : ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ (ਮ. ੧)

ਗੁਰਬਾਣੀ ਵਿੱਚ ਵਰਣਿਤ ਉੱਪਰ ਲਿਖੇ ਸਾਰੇ ਮਾੜੇ ਕਰਮ ਉਹ ਹਨ; ਜਿਨ੍ਹਾਂ ਤੋਂ ਆਸਤਕ-ਨਾਸਤਕ, ਧਰਮੀ-ਅਧਰਮੀ, ਕਮਿਊਨਿਸਟ-ਕੈਪੀਟੀਲਿਸਟ, ਕੋਈ ਵੀ ਮੁੱਕਰ ਨਹੀਂ ਸਕਦਾ। ਇਹਨਾਂ ਪਾਪ ਕਰਮਾਂ ਤੋਂ ਬਚ ਕੇ ਹੀ; ਮਨੁੱਖ ਦਾ ਨਿੱਜੀ ਅਤੇ ਸਮਾਜਿਕ ਜੀਵਨ ਸੁਖੀ ਹੋ ਸਕਦਾ ਹੈ ਅਤੇ ਸਾਰਾ ਸਮਾਜ ਵੀ ਸੁਖੀ ਹੋ ਸਕਦਾ ਹੈ। ਇਸ ਲਈ ਇਹਨਾਂ ਪਾਪ ਕਰਮਾਂ ਤੋਂ ਮਨੁੱਖ ਨੂੰ ਸਦਾ ਹੀ ਬਚਣਾ ਚਾਹੀਦਾ ਹੈ ਕਿਉਂਕਿ ਧਰਮ ਦੇ ਨਿਯਮ ਮਨੁੱਖੀ ਜੀਵਨ ਨੂੰ ਸੁਖੀ ਕਰਨ ਵਾਸਤੇ ਹੁੰਦੇ ਹਨ। ਸਿੱਖ ਪੰਥ ਦੇ ਨਿਯਮ ਗੁਰੂ ਜੀ ਨੇ ਸਾਡਾ ਜੀਵਨ ਸੁਖੀ ਕਰਨ ਲਈ ਦੱਸੇ ਹਨ; ਜੋ ਹਰ ਸਿੱਖ ਨੂੰ ਅਪਣਾਉਣੇ ਚਾਹੀਦੇ ਹਨ।

ਸਾਰੇ ਸਿੱਖ ਪ੍ਰਚਾਰਕਾਂ ਨੂੰ ਬੇਨਤੀ ਹੈ ਕਿ ਉੱਪਰ ਲਿਖੇ ਪਾਪਾਂ ਤੋਂ ਬਚਣ ਦਾ ਲੋਕਾਂ ਨੂੰ ਉਪਦੇਸ਼ ਦਿਓ ਤਾਂ ਕਿ ਗੁਰੂ ਜੀ ਦਾ ਬਚਨ ਮੰਨਦੇ ਹੋਏ ਲੋਕ ਸੁਖੀ ਜੀਵਨ ਜਿਉਂ ਸਕਣ। ਉਪਰੋਕਤ ਲਿਖੇ ਪਾਪ ਕਰਮਾਂ ਨੂੰ ਤਿਆਗ ਕੇ ਹੀ ਅਸੀਂ ਸੱਚੇ "ਸਿੱਖ" ਬਣ ਸਕਦੇ ਹਾਂ, "ਗੁਰਮੁਖ" ਬਣ ਸਕਦੇ ਹਾਂ ਅਤੇ ਗੁਰੂ ਚਰਨਾਂ ਵਿੱਚ ਪ੍ਰਵਾਨ ਹੋ ਕੇ ਆਪਣਾ ਲੋਕ ਪਰਲੋਕ ਸੁਖੀ ਕਰ ਸਕਦੇ ਹਾਂ।

# ਸ਼ਾਇਰ ਦਾ ਦਿਲ-ਵੈਦ ਇੰਦਰ ਸਿੰਘ ਦਾ ਕਾਵਿ ਸੰਗ੍ਰਹਿ

## (ਖੋਜ ਅਧਿਐਨ ਦੇ ਨਾਲ ਨਾਲ ਫੀਲਡ ਵਰਕ ਵੀ)




ਵਰਲਡ ਪੰਜਾਬੀ ਟਾਈਮਜ਼ ਪ੍ਰੋ. ਨਵ ਸੰਗੀਤ ਸਿੰਘ

ਡਾ. ਖੁਸ਼ਨਸੀਬ ਗੁਰਬਖਸ਼ੀਸ਼ ਕੌਰ ਕਿੱਲਿਆਂਵਾਲੀ ਕਾਲਜ ਵਿੱਚ ਪੰਜਾਬੀ ਵਿਭਾਗ ਦੀ ਮੁਖੀ ਹੈ। ਉਹਨੇ ਪੰਜਾਬੀ ਦੇ ਸਾਂਸਕ੍ਰਿਤਕ-ਸਭਿਆਚਾਰਕ ਸਾਹਿਤ ਦਾ ਡੂੰਘਾ ਮੁਤਾਲਿਆ ਕੀਤਾ ਹੈ ਤੇ ਇਸ ਪ੍ਰਸੰਗ ਵਿੱਚ ਉਹਦੀਆਂ ਹੁਣ ਤੱਕ 4 ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ – ਕਿੱਸਾਕਾਰ ਵੈਦ ਇੰਦਰ ਸਿੰਘ, ਪੰਡਤ ਪੂਰਨ ਚੰਦ ਦੀ ਕਿੱਸਾਕਾਰੀ, ਪੰਜਾਬੀ ਸਭਿਆਚਾਰ ਦੇ ਪਛਾਣ-ਚਿੰਨ੍ਹ, ਸ਼ਾਇਰ ਦਾ ਦਿਲ। ਵਿਚਾਰ ਅਧੀਨ ਚੌਥੀ ਕਿਤਾਬ ('ਸ਼ਾਇਰ ਦਾ ਦਿਲ'; ਪ੍ਰਕਾਸ਼ਕ : ਸਪਤਰਿਸ਼ੀ ਪਬਲੀਕੇਸ਼ਨਜ਼ ਚੰਡੀਗੜ੍ਹ; ਪੰਨੇ : 128; ਮੁੱਲ : 220/-) ਵਿੱਚ ਵੈਦ ਇੰਦਰ ਸਿੰਘ ਦੀ ਕਵਿਤਾ ਨੂੰ ਸੰਪਾਦਿਤ ਕੀਤਾ ਗਿਆ ਹੈ, ਜੋ ਵੈਦ ਹੋਣ ਦੇ ਨਾਲ-ਨਾਲ ਵਧੀਆ ਕਿੱਸਾਕਾਰ, ਕਵੀਸ਼ਰ ਅਤੇ ਕਵੀ ਵੀ ਸੀ। ਪਿੰਡ ਦਾਤੇਵਾਸ (ਮਾਨਸਾ) ਵਿੱਚ ਜਨਮੇ ਵੈਦ ਇੰਦਰ ਸਿੰਘ (ਮੁੱਢਲਾ ਨਾਂ ਇੰਦਰ ਰਾਮ) ਨੇ ਪੰਜਾਬੀ ਤੇ ਉਰਦੂ ਦੀ ਲੋੜੀਂਦੀ ਸਿੱਖਿਆ ਪ੍ਰਾਪਤ ਕਰਕੇ ਆਪਣਾ ਖਾਨਦਾਨੀ ਕਿੱਤਾ ਸਵਰਨਕਾਰੀ ਸ਼ੁਰੂ ਕਰ ਲਿਆ।

ਰੀਵਿਊ ਅਧੀਨ ਕਿਤਾਬ ਵਿੱਚ ਡਾ. ਖੁਸ਼ਨਸੀਬ ਨੇ ਮੁੱਖਬੰਧ (ਪ੍ਰੋ. ਨਰੂਆਣਾ) ਅਤੇ ਭੂਮਿਕਾ ਸਮੇਤ ਕਵੀ ਦੇ ਜੀਵਨ ਅਤੇ ਉਸਦੀ ਹੱਥਲਿਖਤ ਤੋਂ ਇਲਾਵਾ 49 ਕਵਿਤਾਵਾਂ ਸੰਕਲਿਤ ਕੀਤੀਆਂ ਹਨ। ਇਸ ਵਿੱਚ ਸ਼ਾਮਲ ਕੁਝ ਕਵਿਤਾਵਾਂ ਵਿੱਚੋਂ ਵੈਦਿਕ ਵਿਚਾਰਧਾਰਾ ਦੀ ਝਲਕ ਵੇਖੀ ਜਾ ਸਕਦੀ ਹੈ, ਜੋ ਕਵੀ ਨੇ ਪੁਰਾਤਨ ਗ੍ਰੰਥਾਂ ਅਤੇ ਕਿੱਸਿਆਂ ਦੇ ਅਧਿਐਨ ਤੋਂ ਪ੍ਰਾਪਤ ਕੀਤੀ। ਉਹਨੂੰ ਹਿੰਦੀ, ਬ੍ਰਜਭਾਸ਼ਾ, ਉਰਦੂ ਤੇ ਫ਼ਾਰਸੀ ਆਦਿ ਭਾਸ਼ਾਵਾਂ ਦਾ ਗਿਆਨ ਸੀ। ਪਿਤਾ-ਪੁਰਖੀ ਕਿੱਤੇ ਦੇ ਨਾਲ-ਨਾਲ ਉਹਨੇ ਪਹਿਲਾਂ ਵੈਦਗੀ ਦੇ ਗੁਰ ਹਾਸਲ ਕੀਤੇ, ਫਿਰ ਪਿੰਗਲ ਨੂੰ ਸਮਝ ਕੇ ਕੁਝ ਕਿੱਸਿਆਂ ਦੀ ਰਚਨਾ ਕੀਤੀ।

ਡਾ. ਖੁਸ਼ਨਸੀਬ ਨੇ ਇਸ ਪੁਸਤਕ ਦੀ ਰਚਨਾ ਕਰਦੇ ਸਮੇਂ ਖੋਜ-ਅਧਿਐਨ ਦੇ ਨਾਲ-ਨਾਲ ਫ਼ੀਲਡ ਵਰਕ ਵੀ ਕੀਤਾ ਹੈ ਤੇ ਉਨ੍ਹਾਂ ਲੇਖਕਾਂ ਦੀਆਂ ਲਿਖਤਾਂ ਨੂੰ ਆਧਾਰ-ਸਾਮੱਗਰੀ ਵਜੋਂ ਵਰਤਿਆ ਹੈ, ਜਿਨ੍ਹਾਂ ਨੇ ਵੈਦ ਇੰਦਰ ਸਿੰਘ ਬਾਰੇ ਕੋਈ ਕੰਮ ਕੀਤਾ ਹੈ। ਇਨ੍ਹਾਂ ਲੇਖਕਾਂ ਵਿੱਚ ਬਲਵੰਤ ਗਾਰਗੀ, ਉੱਤਮ ਸਿੰਘ ਭਾਟੀਆ, ਡਾ. ਮਾਨ ਸਿੰਘ ਅੰਮ੍ਰਿਤ, ਡਾ. ਗੁਰਦੇਵ ਸਿੰਘ ਸਿੱਧੂ, ਡਾ. ਅਜਮੇਰ ਸਿੰਘ, ਪ੍ਰੋ. ਕ੍ਰਿਪਾਲ ਸਿੰਘ ਕਸੇਲ ਅਤੇ ਪ੍ਰੋ. ਗੁਰਬਚਨ ਸਿੰਘ ਨਰੂਆਣਾ ਆਦਿ ਦੇ ਨਾਂ ਸ਼ਾਮਲ ਹਨ।

ਵੈਦ ਇੰਦਰ ਸਿੰਘ ਦੇ ਜੀਵਨ ਅਤੇ ਸ਼ਖ਼ਸੀਅਤ ਵਾਲੇ ਚੈਪਟਰ ਵਿੱਚ ਡਾ. ਖੁਸ਼ਨਸੀਬ ਨੇ ਉਸਦੀ ਵਿਦਿਆ ਪ੍ਰਾਪਤੀ, ਪਰਿਵਾਰ, ਵਿਆਹ, ਰਚਨਾ, ਵਿਚਾਰਧਾਰਾ, ਬੋਲੀ ਤੇ ਸ਼ਬਦਾਵਲੀ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਹੈ। ਕਵੀ ਦੀਆਂ ਕਵਿਤਾਵਾਂ ਸਿਰਫ਼ ਰੋਮਾਂਟਿਕ ਜਾਂ ਸੁਹਜ-ਸੁਆਦ ਦੀ ਤ੍ਰਿਪਤੀ ਹੀ ਨਹੀਂ ਕਰਦੀਆਂ, ਸਗੋਂ ਤੱਤਕਾਲੀ/ਸਮਕਾਲੀ ਸਮਾਜਕ/ਰਾਜਨੀਤਿਕ ਪਰਿਸਥਿਤੀਆਂ ਤੇ ਵੀ ਬੇਬਾਕ ਟਿੱਪਣੀਆਂ ਕਰਦੀਆਂ ਹਨ। ਸਾਹਿਤ ਨੂੰ ਇਸੇਲਈ ਸਮਾਜ ਦਾ ਦਰਪਣ ਮੰਨਿਆ ਗਿਆ ਹੈ ਕਿਉਂਕਿ ਕਵੀ/ਲੇਖਕ ਇਸ ਵਿੱਚ ਆਪਣੇ ਸਮਾਜ/ਲੋਕਾਈ ਦੇ ਦੁਖਾਂ, ਦਰਦਾਂ, ਫ਼ਿਕਰਾਂ,ਸਮੱਸਿਆਵਾਂ, ਪ੍ਰੇਸ਼ਾਨੀਆਂ ਨੂੰ ਪ੍ਰਸਤੁਤ ਕਰਦਾ ਹੈ। ਵੈਦ ਇੰਦਰ ਸਿੰਘ ਦੀ ਕਵਿਤਾ 'ਚੋਂ ਅਜਿਹੇ ਭਾਵਬੋਧ ਦੀ ਤਰਜਮਾਨੀ ਕਰਦੀਆਂ ਪੰਕਤੀਆਂ ਵੇਖੀਆਂ ਜਾ ਸਕਦੀਆਂ ਹਨ :

ਕਰਾਂਗੇ ਗਰੀਬੀ ਦੂਰ ਝੂਠੇ ਲਾਰੇ ਲਾਈ ਜਾਂਦੇ,

ਝੂਠ ਨਿੱਤ ਬੋਲਦੇ ਜਰਾ ਨਾ ਸ਼ਰਮਾਂਦੇ ਨੇ।

ਇੰਦਰ ਜੀ ਕਹੇ ਹਰੀਜਨਾਂ ਕੋਲੋਂ ਵੋਟ ਲੈ ਕੇ,

ਖੁੱਡ ਨਾ ਜ਼ਮੀਨ ਦਿੱਤੀ ਬੈਠੇ ਪਛਤਾਂਦੇ ਨੇ। (ਪੰਨਾ 35)

ਕਰਫ਼ਿਊ ਲਗਾ ਕੇ ਬੰਦੇ ਬੰਦ ਕੀਤੇ ਘਰਾਂ ਵਿੱਚ,

ਬੱਚੇ ਭੁੱਖੇ ਰੋਂਦੇ ਪੇਟ ਉਠ ਰਹੀਆਂ ਲੂਰੀਆਂ।

ਗੁੱਤ ਪਿੱਛੇ ਮੱਤ ਤਾਂਹੀ ਆਖਦੇ ਸਿਆਣੇ ਲੋਕ,

ਪੈਂਦੀਆਂ ਕਦੰਤ ਨਾਹੀਂ ਨਾਰੀਆਂ ਤੋਂ ਪੂਰੀਆਂ। (ਪੰਨਾ 41)

ਪੰਨਾ 21 ਤੋਂ 79 ਤੱਕ ਸਾਰੀਆਂ ਕਵਿਤਾਵਾਂ ਸਿਰਲੇਖ ਵਾਲੀਆਂ ਤੇ ਲੱਗਭੱਗ ਛੋਟੇ ਆਕਾਰ ਦੀਆਂ ਹਨ, ਇਸ ਪਿੱਛੋਂ 81 ਤੋਂ 113 ਪੰਨੇ ਤੱਕ ਸੀ-ਹਰਫ਼ੀ ਹੈ, ਜੋ ਫ਼ਾਰਸੀ ਵਰਣਮਾਲਾ ਦੇ 30 ਅੱਖਰਾਂ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਗੁਰਬਾਣੀ ਵਿੱਚ ਪੱਟੀ ਜਾਂ ਬਾਵਨ ਅੱਖਰੀ ਆਦਿ ਕਾਵਿਰੂਪ ਹਨ।

ਵੈਦ ਇੰਦਰ ਸਿੰਘ ਦੀਆਂ ਇਨ੍ਹਾਂ ਕਵਿਤਾਵਾਂ ਨੂੰ ਅਧਿਐਨ ਦੀ ਸੁਵਿਧਾ ਲਈ ਕੁਝ ਇੱਕ ਭਾਗਾਂ ਵਿੱਚ ਵਿਭਾਜਿਤ ਕੀਤਾ ਜਾ ਸਕਦਾ ਹੈ: ਸਮਾਜਕ, ਅਧਿਆਤਮਕ, ਰਾਜਨੀਤਕ, ਕਲਾਤਮਕ, ਸਿੱਖ-ਸਦਾਚਾਰਕ ਆਦਿ। 'ਰਾਖਾ ਬਣਿਆ ਸੀ ਸਾਰੀ ਹਿੰਦ ਵੈਣ ਜੀ' ਵਿੱਚ ਗੁਰੂ ਤੇਗ਼ ਬਹਾਦਰ ਜੀ ਦੇ ਬਲੀਦਾਨ ਨੂੰ ਰੇਖਾਂਕਿਤ ਕੀਤਾ ਗਿਆ ਹੈ:

ਸੁਣਕੇ ਬੇਨਤੀ ਗੁਰਾਂ ਵਿਚਾਰ ਕੀਤੀ,

ਸਮਾਂ ਆ ਗਿਆ ਕੁਰਬਾਨੀਆਂ ਦੇਣ ਦਾ ਜੀ।

ਇੰਦਰ ਕਵੀ ਜੀ ਜਗਤ ਗੁਰੂ ਤਿਆਰ ਹੋਗੇ,

ਕੀਤਾ ਪਰਣ ਸੀ ਦੀਨ ਰੱਖ ਲੈਣ ਦਾ ਜੀ।

ਦੂਲਾਹ ਵਤਨ ਦਾ ਕੌਮ ਦੀ ਸ਼ਾਨ ਬਦਲੇ,

ਰਾਖਾ ਬਣਿਆ ਸੀ ਸਾਰੀ ਹਿੰਦ ਵੈਣ ਦਾ ਜੀ। (ਪੰਨਾ 53)

ਇਸੇ ਤਰ੍ਹਾਂ ਐਮਰਜੈਂਸੀ ਦੇ ਦਿਨਾਂ ਦੀ ਬਾਤ ਪਾਉਂਦਿਆਂ ਕਵੀ ਉਸ ਸਮੇਂ ਦੇ ਹਾਲਾਤ ਦਾ ਹਕੀਕੀ ਮੰਜ਼ਰ ਇਸੇ ਸਿਰਲੇਖ ਵਾਲੀ ਕਵਿਤਾ ਵਿੱਚ ਬਿਆਨ ਕਰਦਾ ਹੋਇਆ ਕਹਿੰਦਾ ਹੈ:

ਚੰਦ ਬੰਦੇ ਆਜ਼ਾਦੀ ਦੇ ਹੈਨ ਮਾਲਕ,

ਨਾਲ ਡਾਢਿਆਂ ਦੇ ਕਰ ਘੋਲ ਨਾ ਤੂੰ।

ਇੰਦਰ ਕਵੀ ਗਰੀਬਾਂ ਦਾ ਰੱਬ ਹੈ ਨਹੀਂ,

ਕਹਿੰਦਾ ਪਰੇ ਹੋ ਪਰੇ ਖੜ੍ਹ ਕੋਲ ਨਾ ਤੂੰ। (ਪੰਨਾ 58)

ਮੁੱਖਬੰਧ ਵਿੱਚ ਪ੍ਰੋ. ਨਰੂਆਣਾ ਮੁਤਾਬਕ ਇੰਦਰ ਸਿੰਘ ਦਾ ਜੀਵਨ ਕਾਲ 1906 ਤੋਂ 1944 ਤੱਕ ਦਾ ਹੈ, ਪਰ ਪੁਸਤਕ ਵਿੱਚ ਜੋ ਕਵਿਤਾਵਾਂ ਹਨ, ਉਨ੍ਹਾਂ ਵਿੱਚ 'ਕਰਫ਼ਿਊ ਸਮੇਂ ਇੰਦਰਾ ਨੂੰ', 'ਦਿੱਲੀ ਦੰਗਿਆਂ 'ਚ ਗੁੰਡਾਗਰਦੀ', 'ਐਮਰਜੈਂਸੀ', 'ਦਿੱਲੀ ਦੰਗੇ' ਆਦਿ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਕਵੀ 1984 ਤੱਕ ਜ਼ਰੂਰ ਜੀਵਿਤ ਰਿਹਾ ਹੋਵੇਗਾ। ਸੰਭਵ ਹੈ ਕਿ ਪਰੂਫ਼ ਰੀਡਿੰਗ ਦੀ ਗਲਤੀ ਕਰਕੇ 1944 ਛਪ ਗਿਆ ਹੋਵੇ। ਲੇਖਕਾ ਨੇ ਵੀ ਵੈਦ ਦੀ ਜੀਵਨੀ ਵਿੱਚ ਉਸਦਾ ਜਨਮ ਤਾਂ ਲਿਖ ਦਿੱਤਾ ਹੈ ਪਰ ਦਿਹਾਂਤ ਦਾ ਕੋਈ ਜ਼ਿਕਰ ਨਹੀਂ ਕੀਤਾ। ਅਜਿਹੀਆਂ ਗਲਤੀਆਂ ਨਾਲ ਪਾਠਕ ਦੇ ਮਨ ਵਿੱਚ ਦੁਬਿਧਾ ਪੈਦਾ ਹੁੰਦੀ ਹੈ। ਗੂਗਲ ਵਿੱਚੋਂ ਵੀ ਇੰਦਰ ਸਿੰਘ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਸ਼ਬਦਜੋੜ ਵੀ ਕੁਝ ਥਾਂਵਾਂ ਤੇ ਠੀਕ ਕਰਨੋਂ ਰਹਿ ਗਏ ਹਨ (ਜਿਵੇਂ ਸੁਗੜ, ਪੰਨਾ 10; ਵਿਅਕਤੀਤਵ, ਪੰਨਾ 11; ਮੁਸਾ, ਪੰਨਾ 46, ਦਰਮੇਸ਼, ਪੰਨਾ 52 ਆਦਿ) ਪੁਸਤਕ ਦੇ ਅੰਤ ਵਿੱਚ ਅਰਥਾਵਲੀ (ਪੰਨਾ 115 -128) ਦਰਜ ਹੈ, ਜਿਸਦੇ ਅੰਤਰਗਤ ਮੁਸ਼ਕਿਲ ਸ਼ਬਦਾਂ ਦੇ ਅਰਥ/ਭਾਵਾਂ ਨੂੰ ਸਪਸ਼ਟ ਕੀਤਾ ਗਿਆ ਹੈ। ਅਣਗੌਲੇ ਤੇ ਵਿੱਸਰੇ ਸ਼ਾਇਰ ਵੈਦ ਇੰਦਰ ਸਿੰਘ ਦੇ ਕਾਵਿ-ਸੰਸਾਰ ਨੂੰ ਗੰਭੀਰਤਾ ਨਾਲ ਰੇਖਾਂਕਿਤ ਕਰਨ ਵਾਲੀ ਇਸ ਪੁਸਤਕ ਦਾ ਹਾਰਦਿਕ ਸਵਾਗਤ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਵੈਦ ਇੰਦਰ ਸਿੰਘ-ਕਾਵਿ ਦੇ ਜਗਿਆਸੂਆਂ ਲਈ ਇਹ ਪੁਸਤਕ ਕਾਫ਼ੀ ਲਾਭਕਾਰੀ ਤੇ ਜ਼ਰੂਰੀ ਸਾਮੱਗਰੀ ਮੁਹੱਈਆ ਕਰਵਾਏਗੀ!